ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ ਵਿਖੇ ਮਿਤੀ 16 ਫ਼ਰਵਰੀ  2021 ਨੂੰ ਕਲਮ ਪੰਜਾਬੀ ਸਾਹਿਤ ਸਭਾ ਵੱਲੋਂ ਆਪਣੇ ਸਾਲਾਨਾ ਪ੍ਰੋਗਰਾਮ ਸੁਰਲੋਕ ਦਾ ਆਯੋਜਨ ਕੀਤਾ ਗਿਆ ।ਜਿਸ ਦੇ ਅੰਤਰਗਤ ਅੰਤਰ ਕਾਲਜ ਮੁਕਾਬਲੇ ਕਰਵਾਏ ਗਏ ।ਜਿਸ ਅਧੀਨ ਤਿੰਨ ਮੁਕਾਬਲੇ ਰੱਖੇ ਗਏ, ਜਿਵੇਂ ਸਵੈ- ਰਚਿਤ ਪੰਜਾਬੀ ਕਵਿਤਾ, ਲੋਕ ਗੀਤ ਗਾਇਨ ਤੇ ਪੋਸਟਰ ਬਣਾਉਣਾ।ਇਸ ਪ੍ਰੋਗਰਾਮ ਦਾ ਸੰਚਾਲਨ ਡਾ ਜਸਵਿੰਦਰ ਕੌਰ ਬਿੰਦਰਾ ਨੇ ਕੀਤਾ। ਇਸ ਪ੍ਰੋਗਰਾਮ ਵਿੱਚ ਜੱਜ ਸਹਿਬਾਨ ਵਜੋਂ ਡਾ ਸੁਨੀਲ ਸੇਠ ਤੇ ਡਾ ਮਨਮੋਹਨ ਸਿੰਘ ਹਾਜ਼ਰ ਹੋਏ ।ਵਿਭਾਗ ਦੇ ਕਨਵੀਨਰ ਡਾ ਬਰਜਿੰਦਰ ਸਿੰਘ ਚੌਹਾਨ ਨੇ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ ।ਇਸ ਪ੍ਰੋਗਰਾਮ ਵਿੱਚ ਸਿਰਫ਼ ਦਿੱਲੀ ਯੂਨੀਵਰਸਿਟੀ ਹੀ ਨਹੀਂ ਪੰਜਾਬ ਦੇ ਕਈ ਕਾਲਜਾਂ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ ।ਸਵੈ ਰਚਿਤ ਕਵਿਤਾ ਵਿਚ ਵਿਦਿਆਰਥੀਆਂ ਨੇ ਮਾਂ, ਗੁਰੂ ਤੇਗ ਬਹਾਦਰ, ਛੋਟੇ ਸਹਿਬਜ਼ਾਦਿਆਂ, ਪੰਜਾਬੀ ਬੋਲੀ ਤੇ ਦਾਜ ਦਾ ਸੰਦੂਕ ਜਿਹੇ ਵਿਸ਼ਿਆਂ ਉੱਤੇ ਕਵਿਤਾਵਾਂ ਸੁਣਾਈਆਂ। ਇਸ ਮੁਕਾਬਲੇ ਵਿੱਚ ਕ੍ਰਮਵਾਰ ਰਵਨੀਤ ਸਿੰਘ, ਅੰਕਿਤਾ ਵਸ਼ਿਸ਼ਟ ਤੇ ਜਸਵਿੰਦਰ ਸਿੰਘ ਜੇਤੂ ਰਹੇ ।ਵਿਭਿੰਨ ਪੰਜਾਬੀ ਲੋਕਗੀਤ ਸੁਣਾਉਣ ਵਾਲੇ ਮੁਕਾਬਲੇ ਵਿੱਚ ਕ੍ਰਮਵਾਰ ਜਗਜੋਤ ਕੌਰ ,ਪਲਕ ਤੇ ਗਗਨਪ੍ਰੀਤ ਨੇ ਇਨਾਮ ਪ੍ਰਾਪਤ ਕੀਤੇ । ਪੋਸਟਰ ਬਣਾਉਣ ਦਾ ਵਿਸ਼ਾ ਕਿਸਾਨ ਅੰਦੋਲਨ ਰੱਖਿਆ ਗਿਆ ।ਪੋਸਟਰ ਬਣਾਉਣ ਵਿਚ ਕ੍ਰਮਵਾਰ ਸਾਵੀ ਚੌਧਰੀ, ਜਗਜੋਤ ਕੌਰ ਤੇ ਨਿਕਿਤਾ ਜੇਤੂ ਰਹੇ ।ਜੇਤੂਆਂ ਨੂੰ ਨਕਦ ਇਨਾਮ ਦਿੱਤੇ ਗਏ ਇਸ ਪ੍ਰੋਗਰਾਮ ਵਿੱਚ ਵਿਭਾਗ ਦੇ ਸਾਰੇ ਪ੍ਰਾਧਿਆਪਕ ਡਾ ਬੇਅੰਤ ਕੌਰ, ਡਾ ਭੁਪਿੰਦਰਪਾਲ ਸਿੰਘ ਬਖਸ਼ੀ, ਡਾ ਪਰਮਜੀਤ ਕੌਰ ਡਾ ਵਿਨੈਨੀਤ ਕੌਰ ਤੇ ਡਾ ਪਰਮਜੀਤ ਕੰਬੋਜ ਨੇ ਆਏ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ।